بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.11.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਨਵੰਬਰ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਯਜ਼ੀਦ ਬਿਨ ਸਾਬਤ ਇਕ ਬਦਰੀ ਸਹਾਬੀ ਸਨ ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲਾ ਖ਼ਜ਼ਰਜ ਦੇ ਪਰਿਵਾਰ ਬਨੂ ਮਾਲਕ ਬਿਨ ਨਜਾਰ ਨਾਲ ਸੀ । ਆਪ ਹਜ਼ਰਤ ਜ਼ੈਦ ਬਿਨ ਸਾਬਤ ਦੇ ਵੱਡੇ ਭਰਾ ਸਨ । ਹਜ਼ਰਤ ਯਜ਼ੀਦ ਬਿਨ ਸਾਬਤ ਬਦਰ ਤੇ ਉਹਦ ਦੋਹਾਂ ਜੰਗਾ ਵਿੱਚ ਸ਼ਾਮਲ ਹੋਏ ਸਨ । ਆਪ ਦੀ ਸ਼ਹੀਦੀ 12 ਹਿਜਰੀ ਨੂੰ ਹਜ਼ਰਤ ਅਬੂਬਕਰ ਦੇ ਖ਼ਿਲਾਫ਼ਤ ਕਾਲ ਵਿੱਚ ਯਮਾਮਾ ਦੀ ਜੰਗ ਵਿੱਚ ਹੋਈ ।

ਹਜ਼ਰਤ ਯਜ਼ੀਦ ਬਿਨ ਸਾਬਤ ਤੋਂ ਰਿਵਾਇਤ ਹੈ ਕਿ ਇਕ ਵਾਰ ਉਹ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਸਹਾਬਾ ਨਾਲ ਬੈਠੇ ਹੋਏ ਸਨ ਕਿ ਇਕ ਜਨਾਜ਼ਾਹ (ਮ੍ਰਿਤਕ ਦੇਹ) ਲੰਘਿਆ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਦੇਖਿਆ ਤਾਂ ਆਪ ਛੇਤੀ ਨਾਲ ਖੜੇ ਹੋਏ ਅਤੇ ਆਪਦੇ ਸਹਾਬਾ ਵੀ ਛੇਤੀ ਨਾਲ ਖੜੇ ਹੋ ਗਏ, ਉਹ ਉਸ ਸਮੇਂ ਤੱਕ ਖੜੇ ਰਹੇ ਜੱਦ ਤੱਕ ਜਨਾਜ਼ਾਹ ਉੱਥੋਂ ਲੰਘ ਨ ਗਿਆ । ਹਜ਼ਰਤ ਯਜ਼ੀਦ ਕਹਿੰਦੇ ਹਨ ਕਿ ਰੱਬ ਦੀ ਸਹੁੰ ਮੈਂ ਨਹੀਂ ਸਮਝਦਾ ਕਿ ਆਪ ਕਿਸੇ ਕਸ਼ਟ ਜਾਂ ਤੰਗੀ ਕਰਕੇ ਖੜੇ ਹੋਏ ਸਗੋਂ ਮੇਰਾ ਵਿਚਾਰ ਹੈ ਕਿ ਉਹ ਕਿਸੇ ਯਹੂਦੀ ਪੁਰੁਸ਼ ਜਾਂ ਇਸਤਰੀ ਦਾ ਜਨਾਜ਼ਾਹ ਸੀ ।

ਫਿਰ ਇਕ ਹੋਰ ਰਿਵਾਇਤ ਹੈ, ਹਜ਼ਰਤ ਜ਼ੈਦ ਬਿਨ ਸਾਬਤ ਤੋਂ ਕਿ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਨਿਕਲੇ, ਆਪ ਨੇ ਇਕ ਕਬਰ ਦੇਖੀ ਤਾਂ ਫ਼ਰਮਾਇਆ ਇਹ ਕੀ ਹੈ ? ਦੱਸਿਆ ਗਿਆ ਕਿ ਫ਼ਲਾਣੇ ਕਬੀਲੇ ਦੀ ਲੌਂਡੀ ਦੀ ਕਬਰ ਹੈ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਸਨੂੰ ਪਛਾਣ ਲਿਆ । ਸਹਾਬਾ ਨੇ ਅਰਜ਼ ਕੀਤੀ ਕਿ ਉਸਦੀ ਦੁਪਹਿਰ ਸਮੇਂ ਮੌਤ ਹੋਈ ਸੀ ਅਤੇ ਆਪ ਉਸ ਸਮੇਂ ਦੁਪਹਿਰ ਦੇ ਖਾਣੇ ਦੇ ਬਾਦ ਅਰਾਮ ਕਰ ਰਹੇ ਸਨ । ਇਸ ਕਰਕੇ ਅਸੀਂ ਆਪਨੂੰ ਉਸ ਸਮੇਂ ਉਠਾਉਂਣਾ ਪਸੰਦ ਨਹੀਂ ਕੀਤਾ ਕਿ ਆਪ ਆਰਾਮ ਕਰ ਰਹੇ ਹਨ ।

ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਖੜੇ ਹੋਏ ਅਤੇ ਆਪਣੇ ਪਿੱਛੇ ਲੋਕਾਂ ਦੀ ਪੰਕਤੀਆਂ ਬਣਵਾਈਆਂ ਅਤੇ ਆਪਨੇ ਉਸ'ਤੇ ਚਾਰ ਤਕਬੀਰਾਂ ਆਖੀਆਂ ਅਰਥਾਤ ਉਸ ਕਬਰ ਉਪੱਰ ਹੀ ਆਪਨੇ ਪੰਕਤੀਆਂ ਬਣਵਾ ਕੇ ਜਨਾਜ਼ਾਹ ਪੜ੍ਹਿਆ ਫਿਰ ਫ਼ਰਮਾਇਆ ਕਿ ਮੈਂ ਤੁਹਾਡੇ ਵਿੱਚ ਹਾਂ ਜੋ ਵੀ ਤੁਹਾਡੇ ਵਿੱਚੋਂ ਫ਼ੋਤ ਹੋਵੇ ਉਸਦੀ ਖ਼ਬਰ ਮੈਂਨੂੰ ਜ਼ਰੂਰ ਦਿਆ ਕਰੋ ਕਿਉਂਕਿ ਮੇਰੀ ਦੁਆ ਉਸ ਲਈ ਰਹਮਤ ਹੈ ।

ਅਗਲੇ ਸਹਾਬੀ ਹਜ਼ਰਤ ਮਉਜ਼ ਬਿਨ ਉਮੱਰੋ ਬਿਨ ਜਮੂਹ ਹਨ । ਹਜ਼ਰਤ ਮਉਜ਼ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੇ ਪਰਿਵਾਰ ਬਨੂ ਹਸ਼ਮ ਨਾਲ ਸੀ । ਹਜ਼ਰਤ ਮਉਜ਼ ਦੇ ਪਿਤਾ ਦਾ ਨਾਂ ਉਮੱਰੋ ਬਿਨ ਜਮੂਹ ਅਤੇ ਮਾਤਾ ਦਾ ਨਾਂ ਹਿੰਦ ਬਿੰਤ ਉਮੱਰੋ ਸੀ । ਹਜ਼ਰਤ ਮਉਜ਼ ਬਿਨ ਉਮੱਰੋ ਬਿਨ ਜਮੂਹ ਆਪਣੇ ਦੋ ਭਰਾਵਾਂ ਹਜ਼ਰਤ ਮਆਜ਼ ਅਤੇ ਹਜ਼ਰਤ ਖ਼ਲਾਦ ਦੇ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਇਸ ਤੋਂ ਬਿਨਾ ਇਹ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ ਸਨ । ਹਜ਼ਰਤ ਮਉਜ਼ ਬਿਨ ਉਮੱਰੋ ਦੇ ਪਿਤਾ ਉਹੋ ਉਮੱਰੋ ਬਿਨ ਜਮੂਹ ਹਨ ਜਿੰਨ੍ਹਾ ਨੂੰ ਉਹਨਾ ਦੇ ਪੁਤੱਰਾਂ ਨੇ ਉਹਨਾ ਦੇ ਲੰਗੜੇ ਹੋਣ ਸਬਬ ਬਦਰ ਵਿੱਚ ਸ਼ਾਮਲ ਨਹੀਂ ਹੋਣ ਦਿਤੱਾ ਸੀ । ਜੱਦ ਉਹਦ ਦੀ ਜੰਗ ਦਾ ਸਮਾਂ ਆਇਆ ਤਾਂ ਹਜ਼ਰਤ ਉਮੱਰੋ ਬਿਨ ਜਮੂਹ ਨੇ ਆਪਣੇ ਪੁਤੱਰਾਂ ਨੂੰ ਕਿਹਾ ਕਿ ਬਦਰ ਦੇ ਮੌਕੇ ਤੁਸੀਂ ਮੈਂਨੂੰ ਜਾਣ ਨਹੀਂ ਦਿਤੱਾ ਸੀ ਪਰ ਹੁਣ ਮੈਂ ਜ਼ਰੂਰ ਜਾਵਾਂਗਾ ਤੁਸੀਂ ਮੈਂਨੂੰ ਰੋਕ ਨਹੀਂ ਸਕਦੇ । ਉਹਨਾ ਦੇ ਪੁਤੱਰਾਂ ਨੇ ਬਥੇਰਾ ਕਿਹਾ ਕਿ ਆਪਦੀ ਲੱਤ ਖ਼ਰਾਬ ਹੈ, ਆਪ'ਤੇ ਜੰਗ ਫ਼ਰਜ਼ ਨਹੀਂ ਹੈ । ਹਜ਼ਰਤ ਉਮੱਰੋ ਬਿਨ ਜਮੂਹ ਨਹੀਂ ਮੰਨ੍ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਮੇਰੇ ਪੁਤੱਰ ਮੇਰੀ ਲੱਤ ਦੇ ਕਸ਼ਟ ਕਰਕੇ ਮੈਂਨੂੰ ਜੰਗ ਵਿੱਚ ਸ਼ਾਮਲ ਹੋਣ ਤੋਂ ਰੋਕ ਰਹੇ ਹਨ ਪਰ ਮੈਂ ਆਪ ਦੇ ਨਾਲ ਜਿਹਾਦ ਵਿੱਚ ਸ਼ਾਮਲ ਹੋਣਾ ਚਾਹੁੰਦਾ ਹਾਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਵੀ ਫ਼ਰਮਾਇਆ ਕਿ ਤੁਹਾਨੂੰ ਰੱਬ ਨੇ ਮਅਜ਼ੂਰ (ਅਪੰਗ) ਕਰਾਰ ਦਿਤੱਾ ਹੈ ਅਤੇ ਤੁਹਾਡੇ ਉਪੱਰ ਜਿਹਾਦ ਫ਼ਰਜ਼ ਨਹੀਂ ਹੈ, ਪਰ ਫਿਰ ਆਪਨੇ ਉਹਨਾ ਦਾ ਜੋਸ਼ ਤੇ ਸ਼ੋਕ ਦੇਖਕੇ ਆਗਿਆ ਦੇ ਦਿੱਤੀ । ਹਜ਼ਰਤ ਉਮੱਰੋ ਬਿਨ ਜਮੂਹ ਨੇ ਆਪਣਾ ਜੰਗ ਦਾ ਸਮਾਨ ਲਿਆ ਅਤੇ ਇਹ ਕਹਿੰਦਿਆਂ ਹੋਇਆਂ ਚੱਲੇ ਕਿ ਹੇ ਅਲੱਾਹ, ਮੈਂਨੂੰ ਸ਼ਹੀਦੀ ਪ੍ਰਦਾਨ ਕਰ ਅਤੇ ਮੈਂਨੂੰ ਅਸਫਲ ਤੇ ਨਾਮੁਰਾਦ ਆਪਣੇ ਪਰਿਵਾਰ ਵੱਲ ਨ ਪਰਤਾਈਂ ਅਤੇ ਫਿਰ ਵਾਸਤਵ ਵਿੱਚ ਉਹਨਾ ਦੀ ਇਹ ਇੱਛਾਂ ਪੂਰੀ ਹੋਈ ਅਤੇ ਉਹ ਰਣ ਖੇਤਰ ਵਿੱਚ ਸ਼ਹੀਦ ਹੋਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਸ ਵੁਜੂਦ ਦੀ ਸਹੁੰ ਜਿਸਦੇ ਕਬਜ਼ੇ ਕੁਦਰਤ ਵਿੱਚ ਮੇਰੀ ਜਾਨ ਹੈ ਕਿ ਮੈਂ ਉਮੱਰੋ ਨੂੰ ਸਵਰਗ ਵਿੱਚ ਆਪਣੇ ਲੰਗੜੇਪਨ ਨਾਲ ਚਲਦਿਆਂ ਹੋਇਆਂ ਦੇਖਿਆ ਹੈ ।

ਫਿਰ ਅਗਲੇ ਸਹਾਬੀ ਦਾ ਜ਼ਿਕਰ ਹੈ ਇਹਨਾ ਦਾ ਨਾਂ ਹਜ਼ਰਤ ਬਿਸ਼ਰ ਬਿਨ ਮਅਰੂਰ ਹੈ । ਹਜ਼ਰਤ ਬਿਸ਼ਰ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੇ ਪਰਿਵਾਰ ਬਨੂ ਉਬੈਦਾ ਬਿਨ ਅਦੀ ਨਾਲ ਸੀ ਅਤੇ ਹੋਰਨਾ ਕਥਨਾ ਅਨੁਸਾਰ ਬਨੂ ਸਲਮਾ ਸੀ । ਹਜ਼ਰਤ ਬਿਸ਼ਰ ਦੇ ਪਿਤਾ ਦਾ ਨਾਂ ਹਜ਼ਰਤ ਬਰਾਅ ਬਿਨ ਮਅਰੂਰ ਅਤੇ ਮਾਤਾ ਦਾ ਨਾਂ ਖ਼ਲੀਦਾ ਬਿੰਤ ਕੈਸ ਸੀ । ਹਜ਼ਰਤ ਬਿਸ਼ਰ ਦੇ ਪਿਤਾ ਹਜ਼ਰਤ ਬਰਾਅ ਬਿਨ ਮਅਰੂਰ ਉਹਨਾ 12 ਨਕੀਬਾਂ ਵਿੱਚੋਂ ਸਨ ਜੋ ਨਿਯੁਕਤ ਕੀਤੇ ਗਏ ਸਨ ਅਤੇ ਕਬੀਲਾ ਬਨੂ ਸਲਮਾ ਦੇ ਨਕੀਬ ਸਨ । ਹਜ਼ਰਤ ਬਿਸ਼ਰ ਆਪਣੇ ਪਿਤਾ ਨਾਲ ਬੈਅਤੇ ਉਕਬਾ ਸਾਨੀਆ ਵਿੱਚ ਸ਼ਾਮਲ ਹੋਏ ਅਤੇ ਹਜ਼ਰਤ ਬਿਸ਼ਰ ਬਿਨ ਬਰਾਅ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਮਾਹਰ ਤੀਰ ਅੰਦਾਜ਼ ਸਹਾਬਾ ਵਿੱਚੋਂ ਸਨ । ਹਜ਼ਰਤ ਬਿਸ਼ਰ ਬਦਰ, ਉਹਦ, ਖ਼ਦੰਕ, ਹੁਦੈਬੀਆ ਅਤੇ ਖ਼ੈਬਰ ਦੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ ।

ਅਬਦੁਰ ਰਹਮਾਨ ਬਿਨ ਅਬਦੁਲੱਾਹ ਰਿਵਾਇਤ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹੇ ਬਨੂ ਸਲਮਾ, ਤੁਹਾਡਾ ਸਰਦਾਰ ਕੌਣ ਹੈ ? ਉਹਨਾ ਨੇ ਕਿਹਾ ਕਿ ਜੱਦ ਬਿਨ ਕੈਸ । ਆਪਨੇ ਫ਼ਰਮਾਇਆ ਕਿ ਉਸਨੂੰ ਕਿਹੜੇ ਕਾਰਣ ਸਰਦਾਰ ਮੰਨ੍ਹਦੇ ਹੋ ? ਉਹਨਾ ਦੇ ਅਰਜ਼ ਕੀਤੀ ਕਿ ਉਹ ਸਾਡੇ ਵਿੱਚ ਸਭ ਤੋਂ ਅਧਿਕ ਮਾਲਦਾਰ ਹੈ ਪਰੰਤੂ ਉਹ ਬਹੁਤ ਕੰਜੂਸ ਹੈ ਅਤੇ ਅਸੀਂ ਇਹ ਪਸੰਦ ਨਹੀਂ ਕਰਦੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹ ਬਖ਼ੀਲ (ਕੰਜੂਸ) ਹੋਣਾ ਤਾਂ ਬਹੁਤ ਵੱਡੀ ਬਿਮਾਰੀ ਹੈ ਅਤੇ ਇਸ ਕਰਕੇ ਉਹ ਤੁਹਾਡਾ ਸਰਦਾਰ ਨਹੀਂ ਹੋ ਸਕਦਾ । ਉਹਨਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਫਿਰ ਸਾਡਾ ਸਰਦਾਰ ਕੌਣ ਹੈ ਆਪ ਹੀ ਦੱਸ ਦੇਣ ? ਆਪ ਨੇ ਫ਼ਰਮਾਇਆ ਕਿ ਬਿਸ਼ਰ ਬਿਨ ਬਰਾਅ ਬਿਨ ਮਅਰੂਰ ਤੁਹਾਡਾ ਸਰਦਾਰ ਹੈ ਅਰਥਾਤ ਜਿਸ ਸਹਾਬੀ ਦਾ ਜ਼ਿਕਰ ਹੋ ਰਿਹਾ ਹੈ ਉਹਨਾ ਬਾਰੇ ਫ਼ਰਮਾਇਆ ਕਿ ਇਹੋ ਤੁਹਾਡਾ ਸਰਦਾਰ ਹੈ ।

ਹਜ਼ਰਤ ਇਬਨੇ ਅਬੱਾਸ ਤੋਂ ਰਿਵਾਇਤ ਹੈ ਕਿ ਯਹੂਦ, ਓਸ ਤੇ ਖ਼ਜ਼ਰਜ ਦੇ ਮੁਕਾਬਲੇ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਦੇ ਪ੍ਰਗਟ ਹੋਣ ਤੋਂ ਪਹਿਲਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਵਾਸਤੇ ਪਾਕੇ ਫ਼ਤਹ ਦੀਆਂ ਦੁਆਵਾਂ ਮੰਗਿਆ ਕਰਦੇ ਸਨ । ਅਰਥਾਤ ਆਪੋ ਵਿੱਚ ਲੜਦੇ ਸਨ ਤਾਂ ਇਹ ਦੁਆ ਮੰਗਿਆ ਕਰਦੇ ਸਨ ਕਿ ਉਹ ਨਬੀ ਜਿਸ ਦੀ ਭਵਿੱਖਬਾਣੀ ਹੈ ਜੋ ਪ੍ਰਕਟ ਹੋਣ ਵਾਲਾ ਹੈ ਉਸਦੇ ਨਾਂ'ਤੇ ਸਾਨੂੰ ਫ਼ਤਹ ਪ੍ਰਦਾਨ ਕਰ । ਪਰੰਤੂ ਜੱਦ ਰੱਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਅਰਬ ਵਿੱਚ ਪ੍ਰਗਟ ਕਰ ਦਿਤੱਾ ਤਾਂ ਇਹਨਾ ਲੋਕਾਂ ਨੇ ਹੀ ਆਪਦਾ ਇਨਕਾਰ ਕੀਤਾ ਅਤੇ ਜੋ ਗੱਲ ਕਿਹਾ ਕਰਦੇ ਸਨ ਉਸਦੇ ਇਨਕਾਰੀ ਹੋ ਗਏ । ਹਜ਼ਰਤ ਮਆਜ਼ ਬਿਨ ਜਬਲ ਅਤੇ ਹਜ਼ਰਤ ਬਿਸ਼ਰ ਬਿਨ ਬਰਾਅ ਅਤੇ ਦਾਊਦ ਬਿਨ ਸਲਮਾ ਨੇ ਇਕ ਦਿਨ ਇਹਨਾ ਨੂੰ ਕਿਹਾ ਕਿ ਹੇ ਯਹੂਦੀਓ ! ਰੱਬ ਤੋਂ ਡਰੋ ਅਤੇ ਇਸਲਾਮ ਕੁਬੂਲ ਕਰ ਲਓ, ਪਹਿਲਾਂ ਤਾਂ ਤੁਸੀਂ ਸਾਡੇ'ਤੇ ਮੁਹਮੱਦ ਨਾਂ ਦੇ ਨਬੀ ਦੇ ਪ੍ਰਗਟ ਹੋਣ ਦੇ ਰਾਹੀਂ ਫ਼ਤਹ ਮੰਗਿਆ ਕਰਦੇ ਸੀ । ਹੁਣ ਉਹ ਪ੍ਰਕਟ ਹੋ ਚੁਕਿਆ ਹੈ ਤਾਂ ਇਸ ਨਬੀ ਉਪੱਰ ਇਮਾਨ ਕਿਉਂ ਨਹੀਂ ਲਿਆਉਂਦੇ। ਇਸ'ਤੇ ਸਲਾਮ ਬਿਨ ਮਸ਼ਕਮ ਯਹੂਦੀ ਨੇ ਜੋ ਬਨੂ ਨਜ਼ੀਰ ਕਬੀਲੇ ਦਾ ਸਰਦਾਰ ਸੀ ਅਤੇ ਉਹਨਾ ਦੇ ਖ਼ਜ਼ਾਨੇ ਦਾ ਨਿਗਰਾਨ ਸੀ ਅਤੇ ਉਸ ਇਸਤਰੀ ਜ਼ੈਨਬ ਬਿੰਤ ਹਾਰਸ ਦਾ ਪਤੀ ਸੀ ਜਿਸਨੇ ਖ਼ੈਬਰ ਦੀ ਜੰਗ ਸਮੇਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਵਿਸ਼ ਭਰਿਆ ਮਾਸ ਖਾਣ ਲਈ ਦਿਤੱਾ ਸੀ, ਉਤੱਰ ਦਿਤੱਾ ਕਿ ਉਹ ਨਬੀ ਸਾਡੇ ਕੋਲ ਉਹ ਨਹੀਂ ਲੈਕੇ ਆਇਆ ਜਿਸਨੂੰ ਅਸੀਂ ਪਛਾਣਦੇ ਹਾਂ ਅਤੇ ਨ ਹੀ ਆਪ ਉਹ ਨਬੀ ਹਨ ਜਿੰਨ੍ਹਾ ਦਾ ਅਸੀਂ ਤੁਹਾਡੇ ਸਾਹਮਣੇ ਵਰਨਣ ਕੀਤਾ ਸੀ ।

ਹਜ਼ਰਤ ਕਅਬ ਬਿਨ ਉਮਰੋ ਅੰਸਾਰੀ ਨੇ ਬਿਆਨ ਕੀਤਾ ਹੈ ਕਿ ਉਹਦ ਦੀ ਜੰਗ ਦੇ ਇਕ ਮੌਕੇ'ਤੇ ਮੈਂ ਆਪਣੀ ਕੌਮ ਦੇ 14 ਵਿਅਕਤੀਆਂ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਸੀ, ਇਸ ਸਮੇਂ ਸਾਡੇ'ਤੇ ਊਂਘ (ਨੀਂਦਰ) ਛਾਈ ਹੋਈ ਸੀ ਜੋ ਸ਼ਾਂਤੀ ਦੇ ਰੂਪ ਵਿੱਚ ਸੀ ਅਰਥਾਤ ਬਹੁਤ ਸਕੂਨ ਤੇ ਸ਼ਾਂਤੀ ਵਾਲੀ ਊਂਘ ਸੀ । ਜੰਗ ਦੀ ਅਵਸਥਾ ਸੀ ਪਰੰਤੂ ਉਹ ਅਜਿਹੀ ਊਂਘ ਸੀ ਜੋ ਸਾਨੂੰ ਸ਼ਾਂਤੀ ਦੇ ਰਹੀ ਸੀ, ਕੋਈ ਵਿਅਕਤੀ ਅਜਿਹਾ ਨਹੀਂ ਸੀ ਜਿਸਦੀ ਛਾਤੀ ਵਿੱਚੋਂ ਖਰਾਟਿਆਂ ਦੀ ਆਵਾਜ਼ ਨ ਨਿਕਲ ਰਹੀ ਹੋਵੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ أَمَنَةً نُّعَاسًا 'ਅਮਾਨਾਤਨ ਨੁਆਸਨ' ਦੇ ਵੱਖ ਵੱਖ ਪਖੱਾਂ ਨਾਲ ਇਸਦੇ ਜੋ ਅਰਥ ਹਨ ਉਹਨਾ ਦੇ ਸਾਰ ਰੂਪ ਇਹ ਅਰਥ ਹੋਣਗੇ ਕਿ ਦੁੱਖ ਦੇ ਬਾਦ ਤੁਹਾਡੇ'ਤੇ ਅਜਿਹਾ ਸਕੂਨ ਪ੍ਰਦਾਨ ਕੀਤਾ ਜਿਸਨੂੰ ਊਂਘ (ਨੀਂਦ) ਆਖ ਸਕਦੇ ਹਨ ਜਾਂ ਅਜਿਹੀ ਊਂਘ ਪ੍ਰਦਾਨ ਕੀਤੀ ਜੋ ਅਮਨ ਯੋਗ ਸੀ ਜਾਂ

ਉਹ ਅਮਨ ਪ੍ਰਦਾਨ ਕੀਤਾ ਨੀਂਦ ਜਿਹਾ ਪ੍ਰਭਾਵ ਰਖੱਦਾ ਸੀ ਜਾਂ ਨੀਂਦ ਵਿੱਚ ਗੜੂੰਦ ਸੀ । ਸੋ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਅਸੀਂ ਤੁਹਾਨੂੰ ਇਕ ਅਜਿਹੇ ਸਕੂਨ (ਸਾਂਤੀ) ਦੀ ਹਾਲਤ ਪ੍ਰਦਾਨ ਕੀਤੀ ਜੋ ਨੀਂਦ ਦੀ ਤੁਲਨਾ ਵਾਂਗ ਸੀ ਪਰ ਨੀਂਦ ਵਾਂਗ ਡੂੰਘੀ ਨਹੀਂ ਸੀ ਕਿ ਤੁਹਾਨੂੰ ਆਪਣੇ ਅੰਗਾ'ਤੇ ਕੋਈ ਅਖ਼ਤਿਆਰ ਨ ਰਹੇ । ਉਹ ਸਕੂਨ ਤਾਂ ਬਖ਼ਸ਼ ਰਹੀ ਸੀ ਪਰ ਤੁਹਾਨੂੰ ਬੇਕਾਰ ਨਹੀਂ ਕਰ ਰਹੀ ਸੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਲਿੱਖਿਆ ਹੈ ਕਿ ਸਾਰੇ ਜਿਹਾਦ ਕਰਨ ਵਾਲੇ ਜੋ ਹਜ਼ਰਤ ਅਕਦਸ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ ਉਹਨਾਂ'ਤੇ ਅਚਨਚੇਤ ਸੰਭਵਤਾ ਆਕਾਸ਼ ਤੋਂ ਇਕ ਚੀਜ਼ ਉਤਰੀ ਹੈ ਅਤੇ ਅਵਸਥਾ ਨੂੰ ਉਸਨੇ ਢੱਕ ਲਿਆ ਹੋਵੇ । ਇਉਂ ਸਾਰੀ ਕੌਮ ਇਕ ਹੀ ਸਮੇਂ ਵਿੱਚ ਅਜਿਹੀ ਨੀਂਦ ਦੀ ਅਵਸਥਾ ਵਿੱਚ ਚਲੀ ਜਾਵੇ ਜੱਦਕਿ ਜੰਗ ਚਲ ਰਹੀ ਹੋਵੇ ਅਤੇ ਦੁਸ਼ਮਣ ਦਾ ਵਡੱਾ ਖ਼ਤਰਾ ਵੀ ਹੋਵੇ, ਇਹ ਇਕ ਕ੍ਰਿਸ਼ਮਾ ਹੈ, ਇਕ ਕਰਾਮਤ ਹੈ, ਇਹ ਕੋਈ ਸੁਭਾਵਕ ਘਟਨਾ ਨਹੀਂ ਹੈ ਇਹ ਇਕ ਚਮਤਕਾਰ ਹੈ ਅਤੇ ਇਹ ਰੱਬ ਵੱਲੋਂ ਇਕ ਵਿਸ਼ੇਸ਼ ਸਕੂਨ ਦੀ ਅਵਸਥਾ ਸੀ ਜੋ ਉਹਨਾ ਨੂੰ ਉਸ ਸਮੇਂ ਪ੍ਰਦਾਨ ਕੀਤੀ ਗਈ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਬਿਸ਼ਰ ਨੇ ਖ਼ੈਬਰ ਦੀ ਜੰਗ ਦੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਇਸ ਵਿਸ਼ ਭਰੇ ਬਕਰੀ ਦੇ ਮਾਸ ਨੂੰ ਖਾਧਾ ਜੋ ਇਕ ਯਹੂਦੀ ਇਸਤਰੀ ਨੇ ਤੁਹਫ਼ੇ ਵੱਜੋਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਪੇਸ਼ ਕੀਤਾ ਸੀ । ਜੱਦ ਹਜ਼ਰਤ ਬਿਸ਼ਰ ਨੇ ਆਪਣਾ ਲੁਕਮਾ (ਬੁਰਕੀ) ਨਿਗਲਿਆ ਤਾਂ ਅਜੇ ਉਸ ਥਾਂ ਤੋਂ ਹਟੇ ਨਹੀਂ ਸਨ ਕਿ ਉਹਨਾ ਦਾ ਰੰਗ ਬਦਲਕੇ ਕਾਲਾ ਪੈ ਗਿਆ । ਦਰਦ ਨਾਲ ਇਕ ਸਾਲ ਤੱਕ ਇਹ ਹਾਲਤ ਰਹੀ ਕਿ ਬਿਨਾ ਸਹਾਰੇ ਦੇ ਪਾਸਾ ਵੀ ਪਰਤ ਨਹੀਂ ਸਕਦੇ ਸਨ ਫਿਰ ਇਸੇ ਹਾਲਤ ਵਿੱਚ ਉਹਨਾ ਦੀ ਮੌਤ ਹੋ ਗਈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਉਹ ਆਪਣੀ ਥਾਂ ਤੋਂ ਅਜੇ ਹਟੇ ਵੀ ਨਹੀਂ ਸਨ ਕਿ ਉੱਥੇ ਹੀ ਖਾਣੇ ਦੇ ਥੋੜੇ ਸਮੇਂ ਬਾਦ ਹੀ ਉਹਨਾ ਦੀ ਮੌਤ ਹੋ ਗਈ । ਹਜ਼ਰਤ ਬਿਸ਼ਰ ਬਿਨ ਬਰਾਅ ਦੀ ਜੱਦ ਮੌਤ ਹੋਈ ਤਾਂ ਉਹਨਾ ਦੀ ਮਾਂ ਨੂੰ ਬਹੁਤ ਕਰੜਾ ਦੁੱਖ ਲਗੱਾ । ਉਹਨਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਕੋਲ ਆਣਕੇ ਕਿਹਾ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ, ਬਿਸ਼ਰ ਦੀ ਮੌਤ ਬਨੂ ਸਲਮਾ ਨੂੰ ਹਲਾਕ ਕਰ ਦੇਵੇਗੀ, ਕੀ ਮੁਰਦੇ ਇਕ ਦੂਜੇ ਨੂੰ ਪਛਾਣ ਲੈਂਣਗੇ । ਕੀ ਬਿਸ਼ਰ ਵੱਲ ਸਲਾਮ ਪਹੁੰਚਾਇਆ ਜਾ ਸਕਦਾ ਹੈ । ਰਸੂਲੁਲਾਹ ਸਲਲਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹਾਂ, ਹੇ ਉਮੇ ਬਿਸ਼ਰ ਉਸ ਵੁਜੂਦ ਦੀ ਸਹੁੰ ਜਿਸਦੇ ਹੱਥ ਵਿੱਚ ਮੇਰੀ ਜਾਨ ਹੈ, ਜਿਵੇਂ ਪੰਛੀ ਰੁਖੱਾਂ'ਤੇ ਇਕ ਦੂਜੇ ਨੂੰ ਪਛਾਣ ਲੈਂਦੇ ਹਨ ਉਸੇ ਪ੍ਰਾਕਰ ਸਵਰਗਵਾਸੀ ਵੀ ਇਕ ਦੂਜੇ ਨੂੰ ਪਛਾਣ ਲੈਂਣਗੇ । ਇਕ ਰਿਵਾਇਤ ਵਿੱਚ ਇਹ ਸ਼ਬਦ ਹਨ ਕਿ ਬਨੂ ਸਲਮਾ ਦੇ ਕਬੀਲੇ ਦਾ ਕੋਈ ਵਿਅਕਤੀ ਵੀ ਮੌਤ ਨੇੜੇ ਹੁੰਦਾ ਤਾਂ ਹਜ਼ਰਤ ਬਿਸ਼ਰ ਦੀ ਮਾਂ ਉਸ ਕੋਲ ਜਾਕੇ ਕਹਿੰਦੀ ਕਿ ਹੇ ਫ਼ਲਾਣੇ ਤੇਰੇ'ਤੇ ਸਲਾਮ ਉਹ ਉਤੱਰ ਵਿੱਚ ਕਹਿੰਦਾ ਕਿ ਤੇਰੇ ਉਪੱਰ ਵੀ ਸਲਾਮ । ਫਿਰ ਉਹ ਕਹਿੰਦੀ ਕਿ ਬਿਸ਼ਰ ਨੂੰ ਮੇਰਾ ਸਲਾਮ ਕਹਿਣਾ ।

ਇਕ ਰਿਵਾਇਤ ਅਨੁਸਾਰ ਹਜ਼ਰਤ ਬਿਸ਼ਰ ਦੀ ਭੈਣ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਅਖੀਰੀ ਬਿਮਾਰੀ ਸਮੇਂ ਆਪ ਕੋਲ ਆਈ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਸਨੂੰ ਫ਼ਰਮਾਇਆ ਕਿ ਤੁਹਾਡੇ ਭਰਾ ਨਾਲ ਮੈਂ ਖ਼ੈਬਰ ਦੀ ਜੰਗ ਸਮੇਂ ਜੋ ਬੁਰਕੀ ਖਾਧੀ ਸੀ ਉਸ ਦੇ ਸਬਬ ਅੱਜ ਮੈਂ ਆਪਣੀਆਂ ਰਗਾਂ ਨੂੰ ਕਟੱਦਾ ਹੋਇਆ ਅਨੁਭਵ ਕਰਦਾ ਹਾਂ ।

ਕਈ ਵੈਰੀ ਇਹ ਇਤਰਾਜ਼ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਦੀ ਮੌਤ ਉਸ ਵਿਸ਼ ਨਾਲ ਹੋਈ ਅਤੇ ਇਤਿਹਾਸ ਤੇ ਜੀਵਨ ਸ਼ੈਲੀ ਦੀਆਂ ਕੁਝ ਕਿਤਾਬਾਂ ਨੇ ਵੀ ਇਹ ਬਹਿਸ ਚੁੱਕੀ ਹੈ ਅਤੇ ਕੁਝ ਜੀਵਨੀ ਲਿਖੱਣ ਵਾਲੇ

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਦੇ ਸਬਬ ਸ਼ਹੀਦੀ ਦਾ ਮਰਤਬਾ ਦੇਣ ਲਈ ਇਹਨਾ ਰਿਵਾਇਤਾਂ ਨੂੰ ਮੰਨ੍ਹਣ ਲਈ ਤਿਆਰ ਹੋ ਜਾਂਦੇ ਹਨ ਜੱਦ ਕਿ ਹਕੀਕਤ ਵਿੱਚ ਇਹ ਠੀਕ ਨਹੀਂ ਹੈ । ਇਸ'ਤੇ ਸਾਡੇ ਰਿਸਰਚ ਸੈਲ ਨੇ ਵੀ ਇਕ ਨੋਟ ਮੈਂਨੂੰ ਭੇਜਿਆ ਸੀ, ਉਹ ਕਹਿੰਦੇ ਹਨ ਕਿ ਇਤਿਹਾਸ ਅਤੇ ਜੀਵਨ ਸ਼ੈਲੀ ਦੀਆਂ ਕਿਤਾਬਾਂ ਹੋਣ ਜਾਂ ਹਦੀਸਾਂ ਦੀ, ਇਕ ਗੱਲ ਪੱਕੀ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਮੌਤ ਉਕੱਾ ਹੀ ਵਿਸ਼ ਦੇ ਪ੍ਰਭਾਵ ਨਾਲ ਨਹੀਂ ਹੋਈ ਸੀ । ਜੋ ਕੋਈ ਅਜਿਹਾ ਕਹਿੰਦਾ ਹੈ ਅਵੱਲ ਤਾਂ ਉਹਨਾ ਸਾਰੀਆਂ ਰਿਵਾਇਤਾਂ ਦਾ ਗਿਆਨ ਨਹੀਂ ਰਖੱਦਾ ਜਾਂ ਉਸਨੂੰ ਗਲਤੀ ਲੱਗੀ ਹੈ । ਸਪਸ਼ਟ ਹੋਵੇ ਕਿ ਵਿਸ਼ ਦਿੱਤੇ ਜਾਣ ਦੀ ਘਟਨਾ ਖ਼ੈਬਰ ਦੀ ਜੰਗ ਸਮੇਂ ਵਾਪਰੀ ਅਤੇ ਉਸ ਦੇ ਲਗਭਗ ਚਾਰ ਸਾਲ ਬਾਦ ਤੱਕ ਆਪ ਸਲਲੱਾਹੁ ਅਲੈਹਿ ਵਸਲਮ ਜੀਉਂਦੇ ਰਹੇ । ਭਰਪੂਰ ਜੀਵਨ ਲੰਘਾਇਆ, ਉਸੇ ਪ੍ਰਕਾਰ ਜਿਵੇਂ ਇਸ ਤੋਂ ਪਹਿਲਾਂ ਜੰਗਾਂ ਵਿੱਚ ਜਾਂਦੇ ਰਹੇ । ਇਬਾਦਤ ਅਤੇ ਹੋਰਨਾ ਕਾਰਜਾਂ ਵਿੱਚ ਵੀ ਰਤਾ ਜਿੰਨ੍ਹਾ ਵੀ ਅੰਤਰ ਨਹੀਂ ਆਇਆ । ਲਗਭਗ ਚਾਰ ਸਾਲ ਬਾਦ ਬੁਖਾਰ ਤੇ ਸਿਰ ਪੀੜ੍ਹਾ ਦੀ ਹਾਲਤ ਹੋਈ ਅਤੇ ਉਸਦੇ ਬਾਦ ਵਫ਼ਾਤ ਪਾ ਜਾਣਾ, ਇਸਨੂੰ ਕੋਈ ਸੂਝਵਾਨ ਇਹ ਨਹੀਂ ਕਹਿ ਸਕਦਾ ਕਿ ਵਿਸ਼ ਦੇ ਸਬਬ ਚਾਰ ਸਾਲ ਬਾਦ ਅਸਰ ਹੋਇਆ । ਇਸ ਬਾਰੇ ਜੋ ਹਦੀਸ ਬਿਆਨ ਹੋਈ ਹੈ ਉਸ ਵਿੱਚ ਕੇਵਲ ਇਕ ਕਸ਼ਟ ਦਾ ਪ੍ਰਗਟਾਵਾ ਹੈ ਜੋ ਆਂਹਜ਼ਰਤ ਸਲਲਾਹੁ ਅਲੈਹਿ ਵਸਲਮ ਉਸ ਸਮੇਂ ਫ਼ਰਮਾਇਆ ਅਤੇ ਹਰ ਕੋਈ ਜਾਣਦਾ ਹੈ ਕਿ ਕਈ ਵਾਰ ਕੋਈ ਸ਼ਰੀਰਕ ਕਸ਼ਟ ਜਾਂ ਜ਼ਖ਼ਮ ਜਾਂ ਰੋਗ ਕਦੇ ਕਦੇ ਵਿਸ਼ੇਸ਼ ਮੌਕਿਆਂ'ਤੇ ਕਿਸੇ ਸਬਬ ਬਾਹਰ ਆ ਜਾਂਦਾ ਹੈ । ਖ਼ੈਬਰ ਦੀ ਜੰਗ ਸਮੇਂ ਜੋ ਵਿਸ਼ ਭਰਿਆ ਮਾਸ ਆਪ ਨੇ ਖਾਧਾ ਸੀ ਉਸ ਬਾਰੇ ਰਿਵਾਇਤਾਂ ਦੇ ਵਿਸਥਾਰ ਵਿੱਚ ਜਾਈਏ ਤਾਂ ਇਹ ਵੀ ਮਿਲਦਾ ਹੈ ਕਿ ਵਿਸ਼ ਭਰਿਆ ਮਾਸ ਆਪਨੇ ਮੂੰਹ ਵਿੱਚ ਪਾ ਲਿਆ ਸੀ ਪਰ ਨਿਗਲਿਆ ਨਹੀਂ ਸੀ, ਪਰ ਜੇਕਰ ਨਿਗਲ ਵੀ ਲਿਆ ਸੀ ਤਾਂ ਆਪਦੇ ਭਰਪੂਰ ਜੀਵਨ ਵਿੱਚ ਇਸ ਗੱਲ ਦਾ ਪ੍ਰਮਾਣ ਦਿੰਦਾ ਹੈ ਕਿ ਵਫ਼ਾਤ ਦਾ ਸਬਬ ਇਹ ਨਹੀਂ ਸੀ । ਹਦੀਸਾਂ ਵਿੱਚ ਇਹ ਗੱਲ ਪੂਰੇ ਵਿਸਥਾਰ ਨਾਲ ਮੌਜੂਦ ਹੈ ਅਤੇ ਇਸ ਵਿੱਚ ਇਹ ਵੀ ਲਿੱਖਿਆ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਪਤਾ ਲੱਗ ਗਿਆ ਸੀ ਕਿ ਇਸ ਵਿੱਚ ਵਿਸ਼ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਸਹਾਬਾ ਨੂੰ ਖਾਣ ਤੋਂ ਰੋਕ ਦਿਤੱਾ ਸੀ ਅਤੇ ਵਿਸ਼ ਮਿਲਾਉਣ ਵਾਲੀ ਇਸਤਰੀ ਨੂੰ ਬੁਲਾਕੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਅਸੀਂ ਇਹ ਵਿਸ਼ ਮਿਲਾਇਆ ਸੀ ਕਿ ਜੇਕਰ ਆਪ ਰੱਬ ਵੱਲੋਂ ਸੱਚੇ ਰਸੂਲ ਹਨ ਤਾਂ ਆਪ ਬੱਚ ਜਾਣਗੇ ਵਰਨਾ ਸਾਨੂੰ ਆਪ ਤੋਂ ਮੁਕਤੀ ਮਿਲ ਜਾਏਗੀ । ਯਹੂਦੀ ਤਾਂ ਆਪਦੇ ਬਚਣ ਦਾ ਐਲਾਨ ਕਰ ਰਹੇ ਹਨ ਅਤੇ ਇਸ ਇਸਤਰੀ ਦਾ ਇਹ ਵਿਚਾਰ ਸੀ ਕਿ ਐਨ੍ਹਾ ਖ਼ਤਰਨਾਕ ਵਿਸ਼ ਸੀ ਫਿਰ ਵੀ ਆਪ ਬੱਚ ਗਏ । ਆਂਹਜਰਤ ਸਲਲੱਾਹੁ ਅਲੈਹਿ ਵਸਲਮ ਨੇ ਉਸਨੂੰ ਮੁਆਫ਼ ਕਰ ਦਿਤੱਾ ਸੀ, ਸਗੋਂ ਰਿਵਾਇਤਾਂ ਵਿੱਚ ਤਾਂ ਉਸ ਇਸਤਰੀ ਦੇ ਇਸਲਾਮ ਕੁਬੂਲ ਕਰ ਲੈਂਣ ਦਾ ਵੀ ਜ਼ਿਕਰ ਮਿਲਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਦੋ ਮਰਹੂਮੀਨ ਦਾ ਜ਼ਿਕਰ ਕਰਦਾ ਹਾਂ ਜਿੰਨ੍ਹਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਮੈਂ ਇੰਸ਼ਾਅਲੱਾਹ ਜੁਮਏ ਦੀ ਨਮਾਜ਼ ਦੇ ਬਾਦ ਪੜ੍ਹਾਵਂਗਾ । ਪਹਿਲਾ ਮੁਕਰੱਮ ਨਸੀਰ ਅਹਮਦ ਸਾਹਬ ਜੋ ਮੁਕਰੱਮ ਅਲੀ ਮੁਹਮੱਦ ਸਾਹਬ ਰਾਜਨਪੁਰ ਦੇ ਪੁਤੱਰ ਸਨ । **21** ਨਵੰਬਰ **2019** ਈ. ਨੂੰ **63** ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । اناللہوانااليہراجعون۔ । ਦੂਜਾ ਨਮਾਜ਼ ਜਨਾਜ਼ਾਹ ਮੁਕਰੱਮ ਅਤਾਉਲ ਕਰੀਮ ਮੁਬਸ਼ੱਰ ਸਾਹਬ ਸਪੁਤੱਰ ਅਲੱਾਹ ਦਿਤੱਾ ਸਾਹਬ ਕਿਰਤੂ ਜ਼ਿਲਾ ਸ਼ੈਖ਼ੂਪੁਰਾ ਹਾਲ ਕੈਨੇਡਾ ਦਾ ਹੈ । **13** ਨਵੰਬਰ **2019** ਈ. ਨੂੰ **75** ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । اناللہوانااليہراجعون۔

ਹਜ਼ੂਰ ਅਨਵਰ ਨੇ ਇਹਨਾ ਮਰਹੂਮੀਨ ਦੀ ਬਖਸ਼ਿਸ਼, ਦਰਜਿਆਂ ਦੀ ਬੁਲੰਦੀ ਅਤੇ ਇਹਨਾ ਦੀਆਂ ਸਨਤਾਨਾ ਤੇ ਨਸਲਾਂ ਵਿੱਚ ਇਹਨਾ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਦੀ ਦੁਆ ਕੀਤੀ ।

**ਹਰ ਇਕ ਸਾਹਬ ਜੋ ਇਸ ਇਲਾਹੀ ਜਲਸੇ ਵਿੱਚ ਸ਼ਾਮਲ ਹੋਣ ਲਈ ਸਫ਼ਰ ਕਰੇ, ਰੱਬ ਉਹਨਾ ਦੇ ਨਾਲ ਹੋਵੇ ਅਤੇ ਉਹਨਾ ਨੂੰ ਮਹਾਨ ਪ੍ਰਤੀਫ਼ਲ ਪ੍ਰਦਾਨ ਕਰੇ ਅਤੇ ਉਹਨਾ'ਤੇ ਮਿਹਰ ਕਰੇ ਅਤੇ ਉਹਨਾ ਦੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ ਸਰਲ ਕਰ ਦੇਵੇ ਅਤੇ ਉਹਨਾਂ ਦੇ ਦੁੱਖ ਤੇ ਗ਼ਮ ਦੂਰ ਕਰ ਦੇਵੇ ।**

ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : "ਜ਼ਰੂਰੀ ਹੈ ਕਿ ਇਸ ਜਲਸੇ'ਤੇ ਜੋ ਕਿ ਅਨੇਕਾਂ ਬਰਕਤਾਂ ਨਾਲ ਭਰਪੂਰ ਹੈ ਹਰ ਕੋਈ ਜ਼ਰੂਰ ਆਵੇ ਜੋ ਸਫ਼ਰ ਖਰਚ ਦੀ ਸਮਰਥਾ ਰਖੱਦਾ ਹੈ । ਅਤੇ ਅਪਣਾ ਸਰਦੀਆਂ ਦਾ ਬਿਸਤਰ ਰਜ਼ਾਈ ਆਦਿ ਵੀ ਲੋੜ ਅਨੁਸਾਰ ਨਾਲ ਜ਼ਰੂਰ ਲਿਆਉਣ ਅਤੇ ਰੱਬ ਅਤੇ ਉਸਦੇ ਰਸੂਲ ਦੇ ਮਾਰਗ ਵਿੱਚ ਨਿੱਕੀਆਂ ਨਿੱਕੀਆਂ ਗਲੱਾਂ ਦੀ ਪਾਰਵਾਹ ਨ ਕਰਨ । ਰੱਬ ਨੇਕਾਂ ਨੂੰ ਹਰ ਕਦਮ'ਤੇ ਪੁੰਨ ਪ੍ਰਦਾਨ ਕਰਦਾ ਹੈ ਅਤੇ ਉਸਦੇ ਮਾਰਗ ਵਿੱਚ ਕੋਈ ਮਿਹਨਤ ਤੇ ਮੁਸ਼ਕਲ ਨਸ਼ਟ ਨਹੀਂ ਹੁੰਦੀ ਅਤੇ ਮਕਰ (ਬਹਾਨਾ) ਲਿੱਖਿਆ ਜਾਂਦਾ ਹੈ । ਇਸ ਜਲਸੇ ਨੂੰ ਸਾਧਾਰਣ ਮਨੁੱਖੀ ਜਲਸਿਆਂ ਵਾਗ ਖ਼ਿਆਲ ਨ ਕਰਨ । ਇਹ ਉਹ ਕੰਮ ਹੈ ਜਿਸਦਾ ਸ਼ੁੱਧ ਸਮਰਥਨ ਇਲਾਹੀ ਕਲਾਮ ਤੇ ਇਸਲਾਮ ਉਪੱਰ ਅਧਾਰਤ ਹੈ । ਇਸ ਜਮਾਤ ਦੀ ਬੁਨਿਆਦੀ ਇੱਟ ਰੱਬ ਨੇ ਆਪਣੇ ਹਥੱਾਂ ਨਾਲ ਰੱਖੀ ਹੈ ਅਤੇ ਇਸ ਦੇ ਲਈ ਕੌਮਾਂ ਤਿਆਰ ਕੀਤੀਆਂ ਹਨ ਜੋ ਛੇਤੀ ਹੀ ਇਸ ਵਿੱਚ ਆਣ ਰਲਣਗੀਆਂ ਕਿਉਂਕਿ ਇਹ ਉਸ ਕਾਦਰ ਕਰੀਮ ਦਾ ਕੰਮ ਹੈ ਜਿਸਦੇ ਅੱਗੇ ਕੋਈ ਗੱਲ ਅਣਹੋਣੀ ਨਹੀਂ ।"

ਫ਼ਰਮਾਉਂਦੇ ਹਨ : "ਹਰ ਇਕ ਸਾਹਬ ਜੋ ਇਸ ਇਲਾਹੀ ਜਲਸੇ ਲਈ ਸਫ਼ਰ ਅਖ਼ਤਿਆਰ ਕਰੇ ਰੱਬ ਉਹਨਾ ਨਾਲ ਹੋਵੇ ਅਤੇ ਉਹਨਾਂ ਨੂੰ ਚੰਗਾ ਪ੍ਰਤੀਫ਼ਲ ਪ੍ਰਦਾਨ ਕਰੇ ਅਤੇ ਉਹਨਾ'ਤੇ ਮਿਹਰ ਕਰੇ ਅਤੇ ਉਹਨਾ ਦੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ ਦੇ ਹਾਲਾਤ ਸੌਖੇ ਕਰ ਦੇਵੇ ਅਤੇ ਉਹਨਾਂ ਦੀਆਂ ਔਕੁੜਾਂ ਤੇ ਦੁੱਖ ਦੂਰ ਕਰ ਦੇਵੇ ਅਤੇ ਉਹਨਾ ਨੂੰ ਹਰ ਇਕ ਕਸ਼ਟ ਤੋਂ ਮੁਕਤੀ ਪ੍ਰਦਾਨ ਕਰੇ ਅਤੇ ਉਹਨਾਂ ਦੀਆਂ ਮੁਰਾਦਾਂ ਦੇ ਮਾਰਗ ਉਹਨਾਂ'ਤੇ ਖੋਲ ਦੇਵੇ ਅਤੇ ਪਰਲੈ ਦੇ ਦਿਨ ਉਹਨਾਂ ਨੂੰ ਆਪਣੇ ਉਹਨਾਂ ਬੰਦਿਆਂ ਨਾਲ ਉਠਾਏ ਜਿੰਨ੍ਹਾ'ਤੇ ਉਸ ਦੀ ਮਿਹਰ ਤੇ ਰਹਿਮ ਹੈ ਅਤੇ ਸਫ਼ਰ ਦੇ ਅੰਤ ਤੱਕ ਉਹਨਾ ਦੇ ਬਾਦ ਓਹਨਾ ਦਾ ਖ਼ਲੀਫ਼ਾ ਹੋਵੇ । ਹੇ, ਖ਼ੁਦਾ ਜ਼ੁਲਮਜਦ ਵ ਅਤਾਅ ਤੇ ਰਹੀਮ, ਮੁਸ਼ਕਲ ਕੁਸ਼ਾ ਇਹ ਸਾਰੀਆਂ ਦੁਆਵਾਂ ਕੁਬੂਲ ਕਰ ਅਤੇ ਸਾਨੂੰ ਸਾਡੇ ਵਿਰੋਧੀਆਂ ਉਪੱਰ ਸਪਸ਼ਟ ਕ੍ਰਿਸ਼ਮਿਆਂ ਰਾਹੀਂ ਫ਼ਤਹ ਪ੍ਰਦਾਨ ਕਰ ਕਿ ਹਰ ਇਕ ਸ਼ਕਤੀ ਤੇ ਬਲ ਤੈਨੂੰ ਹੀ ਪ੍ਰਾਪਤ ਹੈ । ਆਮੀਨ ਸੁਮੱਾ ਆਮੀਨ ।

(ਮਜਮੂਆ ਇਸ਼ਤਿਹਾਰਾਤ, ਜਿਲਦ ਅਵੱਲ, ਪੰਨ੍ਹਾ 341, 342. ਇਸ਼ਤਿਹਾਰ 7 ਦਸੰਬਰ 1892)

**Khulasa Khutba Jumma 29.11.2019**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131